No: 537606 File No: DPISE-ESTP0CC(CWP)/10/2023-PROMOTION-DPISE/

ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ. ਏ. ਐਸ. ਨਗਰ।

( ਪ੍ਰਮੋਸ਼ਨ ਸੈਲ )

ਵੈਬਸਾਈਟ ਰਾਹੀਂ

ਮਿਤੀ 02.08.2023

1.0 ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿ.ਰਿ.ਪ. 33033 ਆਫ 2019 ਬੇਬੀ ਰਾਣੀ ਬਨਾਮ ਪੰਜਾਬ ਸਰਕਾਰ ਦੇ ਸਬੰਧ ਵਿੱਚ ਮਿਤੀ 23.02.2023 ਨੂੰ ਫੈਸਲਾ ਦਿੰਦੇ ਹੋਏ, ਰਿਟ ਪਟੀਸ਼ਨ ਡਿਸਮਿਸਡ ਕੀਤੀ ਗਈ ਹੈ, ਫੈਸਲੇ ਦੀ ਟੂਕ ਹੇਠ ਅਨੁਸਾਰ ਹੈ :-

> 4. The petitioners have filed the writ petition after a period of ten years from the date on which the recruitment notice was issued. Admittedly, the petitioners were never issued any appointment letter. Thus, this Court does not find it appropriate to issue any writ directing the respondents to appoint them particularly when the writ petition suffers from unexplained delay and laches. Consequently, the present writ petition is dismissed solely on the ground of delay.

2.0 ਉਪਰੋਕਤ ਰਿੱਟ ਦੇ ਪਟੀਸ਼ਨਰ ਬੇਬੀ ਰਾਣੀ ਅਤੇ ਹੋਰਾਂ ਵੱਲੋਂ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਮਿਤੀ 19.06.2019, ਜੋ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿ.ਰਿ.ਪ. 28434 ਆਫ 2019 ਵਿੱਚ ਮਿਤੀ 15.02.2023 ਨੂੰ ਫੈਸਲਾ ਦਿੰਦੇ ਹੋਏ ਖਾਰਜ ਕਰ ਦਿੱਤੀ ਗਈ ਹੈ, ਵਿੱਚ ਗਲਤੀ ਨਾਲ ਨਾਮ ਦਰਜ ਹੋਣ ਕਰਕੇ ਮਾਸਟਰ ਕਾਡਰ ਦੀ ਨਿਯੁਕਤੀ ਦੀ ਮੰਗ ਕੀਤੀ ਗਈ ਸੀ। ਵਿਭਾਗ ਵੱਲੋਂ ਸਿ.ਰਿ.ਪ. 33033 ਆਫ 2019 ਬੇਬੀ ਰਾਣੀ ਅਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਪਟੀਸ਼ਨਰਾਂ ਨੂੰ ਨਿਯੁਕਤੀ ਲਈ ਕਦੇ ਵੀ ਵਿਚਾਰਿਆ ਨਹੀਂ ਗਿਆ ਸੀ। ਹੁਣ ਮਾਨਯੋਗ ਹਾਈ ਕੋਰਟ ਵੱਲੋਂ ਇਹਨਾਂ ਪਟੀਸ਼ਨਰਾਂ ਦਾ ਮਾਸਟਰ ਕਾਡਰ ਵਿੱਚ ਨਿਯੁਕਤੀ ਸਬੰਧੀ ਕਲੇਮ ਸਿ.ਰਿ.ਪ. 33033 ਆਫ 2019 ਬੇਬੀ ਰਾਣੀ ਅਤੇ ਹੋਰ ਪੰਜਾਬ ਸਰਕਾਰ ਵਿੱਚ ਫੈਸਲੇ ਮਿਤੀ 23.02.2023 ਰਾਹੀਂ ਰੱਦ ਕਰ ਦਿੱਤਾ ਗਿਆ ਹੈ। ਉਪਰੋਕਤ ਤੱਥਾਂ ਅਤੇ ਕਾਨੂੰਨੀ ਸਥਿਤੀ ਦੇ ਮੱਦੇਨਜ਼ਰ ਇਹਨਾਂ ਪਟੀਸ਼ਨਰਾਂ ਦੇ ਨਾਮ ਭਵਿਖ ਵਿੱਚ ਤਿਆਰ ਕੀਤੀ ਜਾਣ ਵਾਲੀ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਨਹੀਂ ਕੀਤਾ ਜਾਵੇਗਾ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)
ਦ: ਡਾਇਰੈਕਟਰ ਸਕੂਲ ਆਫ ਐਜੂਕੇਸ਼ਨ (ਸੈਕੰਡਰੀ)
ਪੰਜਾਬ।